11

# ਵਿਕਾਸਵਾਦ ਦੇ ਦੋ ਵਿਚਾਰ

1859 ਵਿਚ ਛਪੀ ਚਾਰਲਸ ਡਾਰਵਿਨ ਦੀ ਕਿਤਾਬ *ਓਰਿਜਿਨ ਆਫ਼ ਸਪਿਸੀਜ਼* ਦੇ ਛਪਣ ਨਾਲ ਬਾਈਬਲ ਦੇ ਸਬੰਧ ਦਾ ਨਵਾਂ ਯੁਗ ਆਰੰਭ ਹੋਇਆ। ਇਸ ਕਿਤਾਬ ਨਾਲ ਯੂਰਪ ਵੰਡਿਆ ਗਿਆ: 1859 ਤੋਂ ਪਹਿਲਾਂ ਵਿਗਿਆਨ ਨਾਲ ਜੁੜੇ ਲਗਭਗ ਸਭ ਲੋਕ ਸੰਸਾਰ ਨੂੰ ਇਕ ਸਿਰਜਣਹਾਰ ਦੀ ਕਾਰੀਗਰੀ ਦੇ ਰੂਪ ਵਿਚ ਮੰਨਦੇ ਸਨ; 1859 ਦੇ ਬਾਅਦ ਵਿਗਿਆਨ ਨਾਲ ਜੁੜੇ ਕਰੀਬ ਸਭ ਲੋਕ ਹੌਲੀ-ਹੌਲੀ ਮੰਨਣ ਲੱਗ ਪਏ ਕਿ ਇਹ ਦੁਨੀਆ ਇਕ ਬੇ-ਮਕਸਦ ਹਾਦਸਾ ਹੈ।

## 1. ਜੈਵਿਕ ਵਿਕਾਸਵਾਦ

ਲੰਡਨ ਦੀ ਬ੍ਰਿਟਿਸ਼ ਲਾਇਬ੍ਰੇਰੀ ਵਿਚ ਮਸ਼ਹੂਰ ਕਿਤਾਬਾਂ ਰੱਖੀਆਂ ਗਈਆਂ ਹਨ। ਉਨ੍ਹਾਂ ਵਿਚ ਐਡੀਸਨ ਦੀ ਕਿਤਾਬ ਦੀ ਪਹਿਲੀ ਜਿਲਦ ਦੀ ਨਕਲ ਰੱਖੀ ਹੈ, ਜਿਸ ਵਿਚ ਲਿਖਿਆ ਹੈ: ''ਡਾਰਵਿਨ ਦੀ ਵਿਆਖਿਆ ਕਿ ਕਿਵੇਂ ਜਿਉਂਦੀਆਂ ਵਸਤਾਂ ਦੀਆਂ ਵਿਸ਼ਾਲ ਕਿਸਮਾਂ ਕੁਦਰਤੀ ਦੁਨੀਆ ਬਾਰੇ ਮਨੁੱਖ ਦੇ ਵਿਚਾਰ ਵਿਕਸਿਤ ਹੋਏ।'' ਵਿਕਾਸਵਾਦੀ ਲੋਕਾਂ ਨੇ ਸਿਰਜਣਹਾਰ ਦੇ ਰੂਪ ਵਿਚ ਖ਼ੁਦਾ ਨੂੰ ਨਕਾਰ ਕੇ ਮੰਨ ਲਿਆ ਕਿ ਕੁਦਰਤ ਜਿਸਦਾ ਮੂਲ ਅਗਿਆਤ ਹੈ, ਹੌਲੀ-ਹੌਲੀ ਸੁਭਾਵਿਕ ਚੋਣ ਨਾਲ ਪਸ਼ੂਆਂ ਤੋਂ ਮਨੁੱਖ ਜਾਤੀ ਵਿਕਸਿਤ ਹੋਈ ਹੈ।

### ਹਾਦਸੇ ਦੇ ਬਦਲਵੇਂ ਰੂਪ[1]

ਕੁਦਰਤੀ ਚੋਣ ਨੂੰ ਇਕ ''ਵਿਵਸਥਾ'' ਕਹਿਣ ਦਾ ਮਤਲਬ ਇਸਦੀ ਚਾਪਲੂਸੀ ਕਰਨਾ ਹੈ। ਪੂਰੀ ਤਰ੍ਹਾਂ ਨਾਲ ਘਟਨਾ ਜਾਂ ਦੁਰਘਟਨਾ ਨੂੰ ''ਸੰਜੋਗ'' ਤਾਂ ਕਿਹਾ ਜਾ ਸਕਦਾ ਹੈ, ਪਰ ''ਵਿਵਸਥਾ'' ਨਹੀਂ। ਇਸ ਤੋਂ ਇਲਾਵਾ ਜੇ ਕੁਦਰਤੀ ਹਾਦਸਿਆਂ ਨਾਲ ਯੋਗ ਤੋਂ ਯੋਗ ਉੱਤਮ ਜੀਵਨ (ਸਭ ਤੋਂ ਤਗੜਾ ਹੀ ਜ਼ਿੰਦਾ ਰਹਿ ਸਕਦਾ ਹੈ) ਸਮਝ ਵਿਚ ਆ ਵੀ ਜਾਵੇ ਤਾਂ ਵੀ ਸਮਝਾਉਣ ਲਈ ਸੰਜੋਗ ਦੀ ਮਦਦ ਦਾ ਬਦਲਾਅ ਭਾਵ ਜੋੜ, ਰਸਵਾਹਿਕਾ ਨਾੜੀ, ਇਕ ਪੇਟ ਯੋਜਨਾਬੱਧ ਢੰਗ ਨਾਲ ਲੱਗੇ ਦੋ ਫੇਫੜਿਆਂ ਜਾਂ ਇਕ ਦਿਮਾਗ਼ (ਦਿਮਾਗ਼ ਰਹਿਤ ਕੁਦਰਤ ਤੋਂ ਬਣਿਆ ਹੋਇਆ) ਕਿਵੇਂ ਅਤੇ ਕਿਉਂ ਹੋਏ। ਸਤ੍ਹਾਰਵੀਂ ਸਦੀ ਦੇ ਅੰਗ੍ਰੇਜ਼ ਫ਼ਿਲਾਸਫ਼ਰ ਹੈਨਰੀ ਮੋਰ ਦੀ ਉਦਾਹਰਣ ਅੱਜ ਵੀ ਢੁਕਵੀਂ ਹੈ: ''ਸਾਡੇ ਅਗਲੇ ਦੰਦ ਛੈਣੀ ਵਾਂਗ ਕਿਉਂ ਕੱਟਦੇ ਹਨ ਜਦਕਿ ਪਿਛਲੇ ਦੰਦ ਚਬਾਉਣ ਦਾ ਕੰਮ ਕਰਦੇ ਹਨ?'' ਸੰਜੋਗ ਨਾਲ ਜਿਉਂਦੇ ਰਹਿਣ ਦੀ ਗੱਲ ਇੰਨੇ ਛੋਟੇ ਜਿਹੇ ਸਵਾਲ ਦਾ ਜਵਾਬ ਨਹੀਂ ਦੇ ਸਕਦੀ।

ਕਿਸੇ ਰੁੱਖ ਜਾਂ ਜੰਤੂ ਨੂੰ ਆਪਣੀ ਨਸਲ ਦੀ ਹੱਦ ਪਾਰ ਕਰਦਿਆਂ ਨਹੀਂ ਵੇਖਿਆ ਗਿਆ। ਸਿਰਫ਼ ਇਕ ਨਸਲ ਵਿਚ ਫ਼ਰਕ ਪਾਏ ਜਾਂਦੇ ਹਨ ਅਤੇ ਉਸ ਨਸਲ ਦੇ ਬਾਅਦ ਨਵਾਂ ਵੰਸ਼ ਨਹੀਂ ਬਣਾਇਆ ਜਾ ਸਕਦਾ। ਜੇ ਸੰਜੋਗ ਇੰਨ੍ਹਾਂ ਸਭ ਗੱਲਾਂ ਤੇ ਨਿਰਭਰ ਹੁੰਦਾ ਤਾਂ ਪੱਥਰ ਤੋਂ ਇਕ ਨਵੀਂ ਨਸਲ ਤਿਆਰ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦਾ ਬਾਂਝਪਣ ਕੁਦਰਤ ਦੇ ਪੱਕੇ

ਨਿਅਮਾਂ ਵੱਲ ਇਸ਼ਾਰਾ ਕਰਦਾ ਹੈ ਨਾ ਕਿ ਸੰਜੋਗ ਦੇ ਬਦਲਵੇਂ ਰੂਪ ਵੱਲ।

ਬੀ ਬੀਜਣਾ ਹੋਵੇ ਜਾਂ ਚੰਦਰਮਾ ਤੇ ਜਾਣਾ ਹੋਵੇ, ਯੋਜਨਾਬੱਧ ਢੰਗ ਨਾਲ ਅਤੇ ਧਿਆਨ ਨਾਲ ਕੰਮ ਕਰਨਾ ਜ਼ਰੂਰੀ ਹੈ। ਪਰ ਅੱਜ ਬਹੁਤ ਸਾਰੇ ਵਿਦਵਾਨ ਇਹ ਦਾਅਵਾ ਕਰਦੇ ਹਨ ਕਿ ਦਿਮਾਗ਼ ਰਹਿਤ ਕੁਦਰਤ ਬਿਨਾ ਕਿਸੇ ਯੋਜਨਾ ਦੇ ਸੰਜੋਗ ਨਾਲ ਹੀ ਜ਼ਿੰਦਗੀ 'ਚ ਬਦਲ ਗਈ ਹੈ। ਪਰ ਨਾਸਤਿਕ ਵਿਕਾਸਵਾਦੀ ਇਹ ਸਾਬਤ ਕਰਨ ਦੀ ਕੋਸ਼ਿਸ਼ ਨਹੀਂ ਕਰਦਾ ਕਿ ''ਅਸੀਂ ਇਹ ਮੰਨਦੇ ਹਾਂ ਕਿ ਇਹ ਸੰਸਾਰ ਇਕੱਠੀਆਂ ਕੀਤੀਆਂ ਹੋਈਆਂ ਗਲਤੀਆਂ ਦਾ ਨਤੀਜਾ ਹੈ? ਮੈਂ ਮੰਨਦਾ ਹਾਂ ਕਿ ਇਸ ਸਵਾਲ ਦਾ ਜਵਾਬ ਦੇਣਾ ਬੜਾ ਹੀ ਔਖਾ ਹੈ।''[2]

## ਜਨਮ ਜਾਤ ਬਦਲਾਅ

ਕੁਝ ਲੋਕਾਂ ਦਾ ਇਹ ਮੰਨਣਾ ਹੈ ਕਿ ਡਾਰਵਿਨ ਦੀ ਸਿੱਖਿਆ (ਕੁਦਰਤ ਵਿਚ ਸੰਜੋਗ) ਹਾਲੈਂਡ ਦੇ ਵਨਸਪਤੀ ਵਿਗਿਆਨੀ ਹਿਯੂਗੋ ਡੀ. ਵਰੀਸ ਅਤੇ ਉਸਦੇ ਨਸਲੀ ਬਦਲਾਅ ਦੇ ਅਧਿਐਨਾਂ ਤੋਂ ਮਿਲੇ ਇਸ਼ਤਿਹਾਰ ਦੇ ਬਗੈਰ ਖ਼ਤਮ ਹੋ ਜਾਂਦੀ ਹੈ। ਉਸਨੇ ਵਿਖਾਇਆ ਕਿ ਸਭ ਨਸਲਾਂ ਵਿਚ (ਪ੍ਰਜਾਤੀ, ਸ਼੍ਰੇਣੀ ਜਾਂ ਬਦਲਾਅ ਦਾ ਨਹੀਂ) ਜਿਣਸੀ ਬਦਲਾਅ ਹੋ ਜਾਂਦੇ ਹਨ। ਫਿਰ ਇਹ ਆਸ ਵਧੀ ਕਿ ਉਨ੍ਹਾਂ ਵਿਚ ਡਾਰਵਿਨ ਦੀ ਸਿੱਖਿਆ ਦੀ ਇਕ ਘਾਟ ਨੂੰ ਪੂਰਾ ਕਰ ਲਿਆ ਗਿਆ। ਡਾਰਵਿਨ ਨੇ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਸ਼ਕਤੀਸ਼ਾਲੀ ਪਸ਼ੂ ਆਪਣੇ ਆਪ ਨੂੰ ਕਿਵੇਂ ਜ਼ਿੰਦਾ ਰੱਖ ਸਕੇ, ਪਰ ਉਹ ਇਹ ਅੰਦਾਜ਼ਾ ਨਹੀਂ ਲਾ ਸਕਿਆ ਕਿ ਉਹ ਪਸ਼ੂ ਬਣੇ ਕਿਵੇਂ। ਇਹ ਉਮੀਦ ਵੀ ਕੀਤੀ ਗਈ ਸੀ ਕਿ ਵੱਖੋ-ਵੱਖ ਨਸਲਾਂ ਵਿਚ ਪਾਏ ਜਾਣ ਵਾਲੇ ਫ਼ਰਕਾਂ ਤੋਂ ਇਹ ਸਾਬਤ ਹੋ ਜਾਵੇਗਾ ਕਿ ਪੌਦਿਆਂ ਅਤੇ ਜੰਤੂਆਂ ਦੀਆਂ ਵੱਖੋ-ਵੱਖ ਕਿਸਮਾਂ ਕਿਵੇਂ ਹੋਂਦ ਵਿਚ ਆਈਆਂ।

ਪਰ ਖੋਜ ਨਾਲ ਇਹ ਪਤਾ ਲੱਗਣ ਤੇ ਬਦਲਾਵਾਂ ਵਿਚ (ਜੋ ਹਮੇਸ਼ਾ ਨਾਕਾਫ਼ੀ ਅਤੇ ਬੇਕਾਰ ਹੁੰਦੇ ਹਨ) ਨਿਰਾਸ਼ਾ ਹੋਈ ਕਿ ਵਿਕਾਸ ਦੀ ਰੇਖਾ ਨਸਲਾਂ ਦੇ ਸੁਧਾਰ ਵੱਲ ਅੱਗੇ ਨਹੀਂ ਵਧੀ। ਇਸ ਦੇ ਉਲਟ ਨਸਲੀ ਫ਼ਰਕ ਆਮ ਤੌਰ ਤੇ ਜੇ ਵਿਨਾਸ਼ ਨਹੀਂ ਤਾਂ ਨੁਕਸਾਨਦਾਇਕ ਜ਼ਰੂਰ ਹਨ। ਡੀ. ਵਰੀਸ ਦੀ ਖੋਜ ਡਾਰਵਿਨ ਦੀ ਹਮਾਇਤ ਲਈ ਨਾਕਾਫ਼ੀ ਸੀ। ਫਿਰ ਵੀ ਥੋੜ੍ਹੇ ਵਿਚ ਹੀ ਬਹੁਤ ਜ਼ਿਆਦਾ ਕਲਪਨਾ ਕਰਦਿਆਂ ਇਕ ਨਾਕਾਮ ਹੋ ਰਹੀ ਪ੍ਰਣਾਲੀ ਵਿਚ ਨਵੀਂ ਉਮੀਦ ਫੂਕੀ ਗਈ।

ਬਦਲਾਅ ਦੀ ''ਕਿਸਮਾਂ'' ਦੀ ਰੇਖਾ ਨੂੰ ਪਾਰ ਕਰਨ ਅਤੇ ਨਸਲਾਂ ਦੇ ਵਿਕਾਸ ਨੂੰ ਵਿਖਾਉਣ ਤਕ ਉਹ ਜੈਵਿਕ ਵਿਕਾਸ ਦੀ ਹਮਾਇਤ ਵਿਚ ਇਕ ਕਮਜ਼ੋਰ ਕੜੀ ਹਨ। ਫਿਰ ਤਾਂ ਅਸਲ ਅਰਥ ਵਿਚ ਵਿਕਾਸਵਾਦ ਦਾ ਕੋਈ ਸਬੂਤ ਹੀ ਨਹੀਂ ਹੈ। ਵਿਕਾਸਵਾਦ ਨੂੰ ਮੰਨਣ ਵਾਲੇ ਕਿਸੇ ਨੇ ਲਿਖਿਆ ਹੈ, ''ਜੈਵਿਕ ਵਿਕਾਸ ਨੂੰ ਇਕ ਨਿਸ਼ਚਤਤਾ ਦੇ ਤੌਰ ਤੇ ਪ੍ਰਵਾਨ ਕਰਨ ਦਾ ਸਾਨੂੰ ਕੋਈ ਹੱਕ ਨਹੀਂ ਹੈ।''[3] ਉਸਨੇ ਅੱਗੇ ਲਿਖਿਆ:

> ਇਹ ਸੱਚ ਹੈ ਕਿ ਸਾਨੂੰ ਵਿਕਾਸਵਾਦ ਦੇ ਪ੍ਰਬੰਧ ਦਾ ਪਤਾ ਨਾ ਤਾਂ ਲਮਾਰਕਵਾਦ [ਬਦਲਾਵਾਂ ਤੋਂ ਨਹੀਂ, ਬਲਕਿ ਬਦਲਾਅ ਤੋਂ ਲੋੜੀਂਦੀ ਮਿਠਾਸ] ਨਾ ਤਬਦੀਲੀਆਂ ਤੋਂ ਲੱਗਾ। ਇਸ ਕਰਕੇ ਸਾਡੇ ਵਿਚ ਇਹ ਸਮਝਣ ਦੀ ਹਿੰਮਤ ਹੋਣੀ ਚਾਹੀਦੀ ਹੈ ਕਿ ਸਾਨੂੰ ਪ੍ਰਬੰਧ ਦਾ ਕੁਝ ਵੀ ਪਤਾ ਨਹੀਂ ਹੈ।[4]

ਵਿਕਾਸਵਾਦੀ ਦਾ ਨਾਮੰਨਣਯੋਗ ਸਿੱਟਾ ਜੀਨ ਰੋਸਟੈਂਡ ਦੀ ਪਰਿਭਾਸ਼ਕ ਸ਼ਬਦਾਵਲੀ ਵਿਚ ਮਿਲਦਾ

ਹੈ। ਉਸਨੇ ਵਿਕਾਸ ਦੀ ਕਲਾ ਨੂੰ ''ਪੋਲੀਜੇਨਸਿਸ,'' ''ਓਲਿਗੋਜੇਨਸਿਸ'' ਅਤੇ ''ਅਜੇਨਸਿਸ'' ਦਾ ਨਾਂਅ ਦਿੱਤਾ।[5] ਉਸਦੇ ਇੰਨੇ ਵੱਡੇ-ਵੱਡੇ ਸ਼ਬਦਾਂ ਤੋਂ ਇੰਨਾ ਹੀ ਪਤਾ ਲੱਗਾ ਹੈ ਕਿ ਕੁਦਰਤ ਵਿਚ ਵਿਕਾਸ ਕਰਨ ਦਾ ਇਕ ਦੌਰ ਸੀ; ਫਿਰ ਇਹ ਘੱਟ ਹੋਇਆ ਅਤੇ ਹੁਣ ਬਿਲਕੁਲ ਨਹੀਂ ਹੈ।

ਇਸ ਤੋਂ ਇਲਾਵਾ ਅਸੀਂ ਜਨਮਜਾਤ ਤਬਦੀਲੀਆਂ ਨਾਲ ਜਿਰਾਫ਼ ਦੀ ਧੌਣ ਦੇ ਇੰਨਾ ਲੰਮਾ ਹੋਣ ਨੂੰ ਫ਼ਾਇਦੇਮੰਦ ਮੰਨ ਸਕਦੇ ਹਾਂ ਪਰ ਬਹੁਤ ਸਾਰੇ ਅੰਗਾਂ ਨੇ ਹਜ਼ਾਰਾਂ ਜਨਮਜਾਤ ਤਬਦੀਲੀਆਂ ਤਕ ਇੰਤਜ਼ਾਰ ਨਹੀਂ ਕੀਤਾ ਹੋਵਗਾ। ਧੌਣ ਦੇ ਇੰਨਾ ਲੰਮਾ ਹੋਣ ਦੀ ''ਸਧਾਰਣ'' ਪ੍ਰਕਿਰਿਆ ਦੇ ਉਲਟ ਬਹੁਤ ਸਾਰੇ ਕਲਪਿਤ ਬਦਲਾਅ ਅਜਿਹੇ ਹਨ ਜੋ ਇੱਕੋ ਪੀੜ੍ਹੀ ਵਿਚ ਹੋ ਸਕਦੇ ਸਨ ਨਹੀਂ ਤਾਂ ਉਹ ਨਸਲ ਮਿਟ ਜਾਂਦੀ। ਮਕੜੀ ਵੱਲੋਂ ਜਾਲਾ ਬਣਾਉਣ ਦੇ ਮਸ਼ੀਨੀ ਨਿਰਮਾਣ ਕਲਾ ਦਾ ਕੋਈ ਬਦਲਵਾਂ ਸਮਾਨ ਨਹੀਂ, ਨਾ ਹੀ ਸ਼ੁਕਰ ਗ੍ਰਹਿ ਦੇ flytrap ਦਾ ''ਮੂੰਹ'' ਅਤੇ ਨਾ ਹੀ ਕਿਸੇ ਜੰਤੂ ਦਾ ਪ੍ਰਜਨਣ ਅੰਗ ਹੈ। ਜੇ ਇਹ ਅੰਗ ਇਕ ਪੀੜ੍ਹੀ ਵਿਚ ਆਪਣਾ ਸਹੀ ਕੰਮ ਨਾ ਕਰਨ ਤਾਂ ਅਗਲੀ ਪੀੜ੍ਹੀ ਦੀ ਹੋਂਦ ਖ਼ਤਰੇ ਵਿਚ ਪੈ ਜਾਵੇਗੀ।

> ਇਸ ਕਾਮਯਾਬੀ ਨੂੰ ਸਮਝਣ ਲਈ ਇਨ੍ਹਾਂ ਅੰਗਾਂ ਜਾਂ ਅੰਗਾਂ ਦੇ ਪੇਚੀਦਾ ਪ੍ਰਬੰਧ ਦੀ ਅਠਵੀਂ ਜਾਂ ਅਠ੍ਹਾਰਵੀਂ ਵਿਕਸਿਤ ਸਥਿਤੀ ਦੀ ਕਲਪਨਾ ਕਰਨੀ ਪਵੇਗੀ। ਫਿਰ ਲਗਦਾ ਹੈ ਕਿਰਿਆਸ਼ੀਲ ਰੂਪ ਵਿਚ ਇਸ ਪੂਰੇ ਪ੍ਰਬੰਧ ਦਾ ਕਿਸੇ ਸਮੇਂ ਸੰਜੋਗ ਨਾਲ ਬਣ ਜਾਣਾ ਅਸੰਭਵ ਹੈ ਅਤੇ ਇਸਦੇ ਬਾਅਦ ਵੀ ਕਿਸੇ ਵੀ ਹਿੱਸੇ ਦੇ ਕੰਮ ਕਰਦੇ ਰਹਿਣ ਦੀ ਸਮੁੱਚੀ ਕਾਰਜ-ਪ੍ਰਣਾਲੀ ਦਾ ਹੋਣਾ ਜ਼ਰੂਰੀ ਹੈ।[6]

ਭੂੰਡੀ ਦੇ ਕਿਸੇ ਟਿੱਡੇ ਨੂੰ ਫੜ੍ਹ ਕੇ ਡੰਗ ਨਾਲ ਮਾਰਨ 'ਤੇ ਜੈਵਿਕ ਵਿਕਾਸ ਨੂੰ ਵੀ ਡੰਗ ਲਗ ਜਾਂਦਾ ਹੈ। ਇਸ ਭੂੰਡੀ ਦੀ ਸੰਤਾਨ ਦਾ ਖਾਣਾ ਇਸ ਡੰਗ ਮਾਰਨ 'ਤੇ ਨਿਰਭਰ ਕਰਦਾ ਹੈ ਜੋ ਉਹ ਇਸ ਟਿੱਡੇ ਨੂੰ ਮਾਰਦੀ ਹੈ। ਉਸਦੇ ਬੱਚੇ ਡੰਗ ਬਣਨ 'ਤੇ ਮਜ਼ਬੂਤ ਹੋਣ ਲਈ ਹਜ਼ਾਰਾਂ ਸਹਾਇਕ ਬਦਲਾਵਾਂ ਦੀ ਉਡੀਕ ਨਹੀਂ ਕਰ ਸਕਦੇ ਸਨ। ਡੰਗ ਲੱਗਣ ਨਾਲ ਟਿੱਡਾ ਬੇਹੋਸ਼ ਹੀ ਹੁੰਦਾ ਹੈ ਮਰਦਾ ਨਹੀਂ। ਫਿਰ ਭੂੰਡੀ ਉਸ ਟਿੱਡੇ ਨੂੰ ਦੱਬ ਕੇ ਉਸਦੇ ਆਲੇ-ਦੁਆਲੇ ਆਂਡੇ ਦੇ ਦਿੰਦੀ ਹੈ। ਉਹ ਲਚਾਰ ਸ਼ਿਕਾਰ ਅਣਜੰਮੀ ਭੂੰਡੀ ਦੀ ਖ਼ੁਰਾਕ ਬਣਨ ਦੀ ਉਡੀਕ ਕਰਦਾ ਹੈ ਜਿਸਨੂੰ ਉਹ ਮਾਂ ਕਦੇ ਨਹੀਂ ਵੇਖੇਗੀ ਕਿਉਂਕਿ ਉਹ ਆਪਣੇ ਬੱਚਿਆਂ ਨੂੰ ਜਨਮ ਦੇਣ ਤੋਂ ਪਹਿਲਾਂ ਹੀ ਉਸ ਟੋਏ ਨੂੰ ਢੱਕ ਕੇ ਛੱਡ ਜਾਂਦੀ ਹੈ। ਪਹਿਲੀ ਭੂੰਡੀ ਨੂੰ ਆਪਣੀ ਨਸਲ ਨੂੰ ਬਚਾਈ ਰੱਖਣ ਲਈ ਪੀੜ੍ਹੀ ਦਰ ਪੀੜ੍ਹੀ ਇਹ ਕੰਮ ਕਰਦੇ ਰਹਿਣਾ ਜ਼ਰੂਰੀ ਸੀ।

### ਇਕ ਬਹੁਤ ਵੱਡੀ ਯੋਜਨਾ

ਡਾਰਵਿਨ ਦੀ ਕਿਤਾਬ ਦੇ ਫ਼ੌਰਨ ਬਾਅਦ ਬਰਤਾਨਵੀ ਸਮੁੰਦਰੀ ਫੌਜ ਦੇ ਵਿਭਾਗ ਦੇ ਚੈਲੇਂਜਰ ਜਹਾਜ਼ ਦੇ ਚਾਰ ਸਾਲਾ ਸਮੁੰਦਰੀ ਸਫ਼ਰ ਤੇ ਬਹੁਤ ਪੈਸਾ ਖਰਚਿਆ। 1872 ਤੋਂ ਇਸਦੇ ਮਲਾਹ ਵਿਕਾਸਵਾਦ ਨੂੰ ਸਾਬਤ ਕਰਨ ਲਈ ਟੁੱਟੀਆਂ ਹੋਈਆਂ ਕੜੀਆਂ ਦੀ ਸਮੁੰਦਰ ਦੀ ਤਹਿ ਤਕ ਖੋਜ ਕਰਨ ਲੱਗੇ। ਉਨ੍ਹਾਂ ਦਾ ਮੰਨਣਾ ਸੀ ਕਿ ਧਰਤੀ ਦੀ ਤਹਿ ਦੇ ਉੱਪਰ ਨਹੀਂ ਬਲਕਿ ''ਯੁੱਗਾਂ ਤੋਂ ਨਾ ਬਦਲਣ ਵਾਲੇ ਸਮੁੰਦਰ ਦੇ ਡੂੰਘੇ ਉਜਾੜ ਥਾਵਾਂ ਤੋਂ'' ਜਿਉਂਦੇ ਪਿੰਜਰ ਜਾਂ ਅਸਲ ਟੁੱਟੀਆਂ ਕੜੀਆਂ ਮਿਲ ਜਾਣਗੀਆਂ ਜੋ ਅਜੇ ਵੀ ਉੱਥੇ ਹੀ ਹਨ। ਉਸ ਵਕਤ ਸਮੁੰਦਰ ਦੀ ਤਹਿ ਤਕ ਦੀ ਖੋਜ ਕਰਨ ਦੀ ਕੋਸ਼ਿਸ਼ ਵਿਚ ਇਹ ਸਭ ਤੋਂ ਵੱਧ ਮਹੱਤਵਪੂਰਣ

ਯੋਜਨਾ ਸੀ। ਪਾਣੀ ਦੇ ਉੱਪਰ ਤੈਰਨ ਵਾਲੀ ਲਬਾਰਟਰੀ ਵਿਚ ਪ੍ਰਕ੍ਰਿਤੀਵਾਦੀ ਮੁਲਾਜ਼ਮਾਂ ਨੇ 69,000 ਸਮੁੰਦਰੀ ਮੀਲ ਪੈਂਡਾ ਕੀਤਾ, ਸੈਂਕੜੇ ਵਾਰ ਸਮੁੰਦਰ ਦੀ ਡੂੰਘਿਆਈ ਨਾਪੀ ਗਈ ਅਤੇ ਉਸਦੇ ਲਿਖਣ ਲਈ ਪੰਜਾਹ ਪੁਸਤਕਾਂ ਲਿਖ ਮਾਰੀਆਂ। ਇੰਗਲੈਂਡ ਦੇ ਥੌਮਸ ਐਚ. ਹਕਸਲੇ ਅਤੇ ਸਵਿਟਜ਼ਰਲੈਂਡ ਵਿਚ ਪੈਦਾ ਹੋਏ ਮਹਾਨ ਕੁਦਰਤਵਾਦੀ ਲੁਈਸ ਅਗਸੀਜ਼ ਆਸਵੰਦ ਸਨ। ''ਸ਼ੁਰੂ 'ਚ ਕੈਬਿਨ ਵਿਚ ਕੰਮ ਕਰਨ ਵਾਲੇ ਲੜਕੇ ਵੀ ਇਹ ਵੇਖਣ ਲਈ ਜਮ੍ਹਾ ਹੋ ਜਾਂਦੇ ਸਨ ਕਿ ਚਾਰ ਮੀਲ ਤਕ ਹੇਠਾਂ ਗਈ ਰੱਸੀ ਸਮੁੰਦਰ ਵਿੱਚੋਂ ਕੀ ਕੱਢ ਕੇ ਲਿਆਉਂਦੀ ਹੈ।'' ਪਰ ਹੌਲੀ-ਹੌਲੀ ਦਰਸ਼ਕਾਂ ਦੀ ਗਿਣਤੀ ਘਟਦੀ ਗਈ। ਇੱਥੋਂ ਤਕ ਕਿ ਉਸ ਵਿਗਿਆਨਕ ਟੋਲੀ ਦੇ ਮੈਂਬਰਾਂ ਦੀ ਦਿਲਚਸਪੀ ਵੀ ਖ਼ਾਸ ਤੌਰ ਤੇ ਰਾਤ ਦੇ ਖਾਣੇ ਸਮੇਂ ਹੇਠੋਂ ਗਾਰ ਆਉਣ ਤੇ ਘੱਟ ਹੁੰਦੀ ਗਈ। ਹਰ ਕਟਲਫ਼ਿਸ਼ ਨੂੰ ਵੇਖਣ ਲਈ ਦਬਾ ਕੇ ਵੇਖਿਆ ਜਾਂਦਾ ਸੀ ਕਿ ਕਿਤੇ ਇਹ ਦੂਜੀਆਂ ਮੱਛੀਆਂ ਨਾਲੋਂ ਫ਼ਰਕ ਤਾਂ ਨਹੀਂ। ਚਾਰ ਸਾਲਾਂ ਬਾਅਦ ਖ਼ਾਸ ਸਫ਼ਰ ਦੇ ਨਿਰਦੇਸ਼ਕ ਸਰ ਚਾਰਲਸ ਥੌਮਸਨ ਨਿਰਾਸ਼ ਹੋ ਗਏ। ਇਸ ਪ੍ਰੋਜੈਕਟ ਤੋਂ ਇੱਕੋ ਗੱਲ ਸਾਬਤ ਹੁੰਦੀ ਹੈ ਕਿ ਕੁਝ ਅਜਿਹੇ ਜੰਤੂ ਮਿਲ ਗਏ ਜਿਨ੍ਹਾਂ ਬਾਰੇ ਪਹਿਲਾਂ ਸਿਰਫ਼ ਇਹੀ ਮੰਨਿਆ ਜਾਂਦਾ ਸੀ ਕਿ ਉਨ੍ਹਾਂ ਦੇ ਪਿੰਜਰ ਹੀ ਬਚੇ ਹਨ।[7]

**ਬਾਈਬਲ ਨਾਲ ਤੁਲਨਾ**

ਬਾਈਬਲ ਵਿਚ ਵਿਸ਼ਵਾਸ ਕਰਨ ਵਾਲਿਆਂ ਨੂੰ ਪਹਿਲਾਂ ਹੀ ਇਹ ਅਹਿਸਾਸ ਸੀ ਕਿ ਜੈਵਿਕ ਅਤੇ ਪਵਿੱਤਰ ਲਿਖਤ ਦੋਹਾਂ ਦੇ ਕੰਢੇ ਵੱਖੋ-ਵੱਖ ਹਨ। ਵਿਕਾਸਵਾਦੀਆਂ ਦੇ ਖ਼ਿਆਲਾਂ ਅਨੁਸਾਰ ਮਨੁੱਖ ਦੇ ਪੂਰਵਜ ਜਾਨਵਰ ਸਨ। ਪਰ ਬਾਈਬਲ ਮਨੁੱਖ ਨੂੰ ਸਿੱਧਾ ਜ਼ਮੀਨ ਦੀ ਮਿੱਟੀ ਚੋਂ ਖ਼ੁਦਾ ਦੀ ਰਚਨਾ ਦੱਸਦੀ ਹੈ (ਉਤਪਤ 2:7)। ਵਿਕਾਸਵਾਦੀ ਦੀ ਸੋਚ ਅਨੁਸਾਰ ਆਦਮੀ ਦੀ ਪਤਨੀ ਦੇ ਪੂਰਵਜ ਜਾਨਵਰ ਸਨ, ਜਦ ਕਿ ਉਤਪਤ ਦੀ ਕਿਤਾਬ ਵਿਚ ਬਾਈਬਲ ਉਸ ਨੂੰ ਆਦਮੀ ਦੀ ਪੱਸਲੀ 'ਚੋਂ ਨਿੱਕਲੀ ਦੱਸਦੀ ਹੈ (ਉਤਪਤ 2:22)। ਵਿਕਾਸਵਾਦ ਦੀ ਸਿੱਖਿਆ ਮਨੁੱਖ ਦੀ ਹੋਂਦ ਨੂੰ ਜਾਨਵਰ ਤੋਂ ਬਣੀ ਦੱਸਦੀ ਹੈ ਜੋ ਆਪਣੀ ਨਸਲ ਦੇ ਅਨੁਸਾਰ ਨਹੀਂ ਵਧਦੇ ਹਨ (ਉਤਪਤ 1:21, 25)। ਵਿਕਾਸਵਾਦ ਦੀ ਸਿੱਖਿਆ ਮਨੁੱਖ ਨੂੰ ਜਾਨਵਰ ਤੋਂ ਵਿਕਸਿਤ ਹੋਇਆ ਵਿਖਾਉਂਦੀ ਹੈ ਜਦਕਿ ਬਾਈਬਲ ਇਸਨੂੰ ਖ਼ੁਦਾ ਦੇ ਸਰੂਪ 'ਤੇ ਫ਼ਰਿਸ਼ਤਿਆਂ ਨਾਲੋਂ ਥੋੜ੍ਹਾ ਘੱਟ ਦੱਸਦੀ ਹੈ (ਉਤਪਤ 1:26, 27; ਜ਼ਬੂਰ 8:1-5; KJV)। ਵਿਕਾਸਵਾਦੀਆਂ ਦੀ ਸਿੱਖਿਆ ਹੈ ਕਿ ਮਨੁੱਖ ਪੂਰੀ ਤਰ੍ਹਾਂ ਨਾਲ ਨਾਸ਼ਵਾਨ ਹੈ, ਪਰ ਬਾਈਬਲ ਇਸਨੂੰ ਅਵਿਨਾਸ਼ੀ ਦੱਸਦੀ ਹੈ (ਉਤਪਤ 5:24; ਮੱਤੀ 10:28)। ਵਿਕਾਸਵਾਦੀਆਂ ਦੀ ਸਿੱਖਿਆ ਅਨੁਸਾਰ ਇਸ ਸ੍ਰਿਸ਼ਟੀ ਦਾ ਮੂਲ ਕੋਈ ਨਹੀਂ ਜਾਣਦਾ ਅਤੇ ਇਹ ਬਿਨਾ ਕਿਸੇ ਦੀ ਅਗਵਾਈ ਦੇ ਹੋਂਦ ਵਿਚ ਆਈ ਹੈ ਜਦ ਕਿ ਬਾਈਬਲ ਇਕ ਸਿਰਜਣਹਾਰ ਨੂੰ ਵਿਖਾਉਂਦੀ ਹੈ ਜੋ ਸੰਸਾਰ ਦੀ ਯੋਜਨਾ ਬਣਾ ਕੇ ਉਸਦੀ ਰਹਿਨੁਮਾਈ ਕਰਦਾ ਹੈ (ਉਤਪਤ 1:1-5)।

ਇਹ ਦੋ ਗੱਲਾਂ ਖ਼ੁਦਾ ਵਿਚ ਵਿਸ਼ਵਾਸ ਰੱਖਣ ਦੇ ਇੰਨਾ ਖ਼ਿਲਾਫ਼ ਸਨ ਕਿ ਜੈਵਿਕ ਵਿਕਾਸਵਾਦ ਵਿਚ ਵਿਸ਼ਵਾਸ ਕਰਨਾ ਅਤੇ ਆਤਮਾ ਦੇ ਅਵਿਨਾਸ਼ੀ ਹੋਣ ਵਿਚ ਅਤੇ ਖ਼ੁਦਾ ਦੀ ਹੋਂਦ ਵਿਚ ਵਿਸ਼ਵਾਸ ਕਰਨਾ ਨਾਮੁਮਕਿਨ ਹੋ ਗਿਆ। ਜਰਮਨ ਜੀਵ ਵਿਗਿਆਨੀ ਅਰੰਸਟ ਹੇਕਲ ਦਾ ਦਾਅਵਾ ਸੀ, ''ਜਦ ਮਨੁੱਖ ਦੇ ਹੋਰ ਥਣਧਾਰੀਆਂ ਦੀ ਲੜੀ ਤੋਂ ਵਿਕਸਿਤ ਹੋਣ ਦੀ ਗੱਲ ਸਾਬਤ ਹੋ ਗਈ ਸੀ ਤਾਂ ਆਤਮਾ ਦੇ ਅਮਰ, ਸੁਤੰਤਰ ਇੱਛਾ ਅਤੇ ਖ਼ੁਦਾ ਵਿਚ ਵਿਸ਼ਵਾਸ

ਦੀ ਗੱਲ ਨੇ ਆਪਣੀ ਆਖ਼ਰੀ ਹਮਾਇਤ ਗੁਆ ਦਿੱਤੀ।''[8] ਜੂਲੀਅਨ ਹਕਸਲੇ ਦਾ ਦਾਅਵਾ ਸੀ ਕਿ ਜੀਵਨ ਦੇ ਵਿਕਾਸ ਵਿਚ ''ਕਿਸੇ ਅਲੌਕਿਕ ਸ਼ਕਤੀ ਲਈ ਕੋਈ ਥਾਂ ਨਹੀਂ''[9] ਹੈ। ਪ੍ਰੋਫ਼ੈੱਸਰ ਜੇ. ਵਿਲਿਸ ਸਟੋਵਲ ਅਤੇ ਹੌਵਰਡ ਈ. ਬ੍ਰਾਊਨ ਨੇ ਲਿਖਿਆ ਹੈ ਕਿ ਜੈਵਿਕ ਵਿਕਾਸ ''ਦੇ ਕਾਰਣ ਅਤੇ ਅਸਲ ਕਿਰਿਆ ਅਜੇ ਵੀ ਸਪੱਸ਼ਟ ਨਹੀਂ'' ਪਰ ''ਹੁਣ ਬਹਿਸ ਦੇ ਯੋਗ ਨਹੀਂ ਹੈ।''[10]

ਉਨ੍ਹਾਂ ਦੇ ਬਿਆਨ ਵਿਚ ਇਸ ਚਲਾਕੀ ਤੇ ਧਿਆਨ ਦਿਓ ਕਿ ''ਅਸਲ'' ਸ਼ਬਦ ਦੀ ਵਰਤੋਂ ਇਹ ਪ੍ਰਭਾਵ ਦਿੰਦੀ ਹੈ ਕਿ ਵਿਕਾਸਵਾਦ ਕੰਮ ਕਰ ਰਿਹਾ ਹੈ ਪਰ ਨਜ਼ਰ ਨਹੀਂ ਆਉਂਦਾ ਅਤੇ ''ਅਜੇ ਵੀ'' ਸ਼ਬਦ ਦੀ ਵਰਤੋਂ ਦਾ ਅਰਥ ਹੈ ਕਿ ਵਿਕਾਸ ਹੋ ਰਿਹਾ ਹੈ ਅਤੇ ਪਲ ਭਰ ਲਈ ਅਸਪੱਸ਼ਟਤਾ ਖ਼ਤਮ ਹੋ ਜਾਵੇਗੀ।[11] ਪ੍ਰੋਫ਼ੈੱਸਰ ਹੁਡਸਨ ਹੋਗਲੈਂਡ ਨੇ ਲਿਖਿਆ ਹੈ, ''ਕੁਦਰਤੀ ਚੋਣ ਤੋਂ ਜੀਵ ਵਿਗਿਆਨ ਦਾ ਵਿਕਾਸ ਨਹੀਂ ਪਰ ਇੰਨਾ ਸੰਭਵ ਹੋ ਗਿਆ ਹੈ ਕਿ ਇਸਦੀ ਮਾਨਤਾ 'ਤੇ ਬਹਿਸ ਕਰਨਾ ਬੇਕਾਰ ਹੈ।'' ਪ੍ਰੋਫ਼ੈੱਸਰ ਹੈਨਰੀ ਐਮ. ਮੌਰਿਸ ਦੇ ਸ਼ਬਦ ਕਿੰਨੇ ਫ਼ਰਕ ਹਨ: ''ਵਿਕਾਸਵਾਦ ਦੀ ਮਾਨਤਾ ਲਈ ਸਬੂਤ ਦਾ ਅੰਸ਼ ਨਾ ਤਾਂ ਵਿਗਿਆਨ ਵਿਚ ਹੈ ਅਤੇ ਨਾ ਬਾਈਬਲ ਵਿਚ।''[12]

## 2. ਈਸ਼ੁਰਵਾਦੀ ਵਿਕਾਸ

### ਇਕ ਸਮਝੌਤਾ

ਇਹ ਦਾਅਵਾ ਕਰਦਿਆਂ ਕਿ ਖ਼ੁਦਾ ਦੀ ਸ੍ਰਿਸ਼ਟੀ ਵਿਕਾਸ ਦੀ ਪ੍ਰਕਿਰਿਆ ਦੇ ਰਾਹੀਂ ਹੋਂਦ ਵਿਚ ਆਈ ਵਿਕਾਸ ਅਤੇ ਬਾਈਬਲ ਵਿਚ ਸਮਾਨਤਾ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ''ਈਸ਼ੁਰਵਾਦੀ ਵਿਕਾਸਵਾਦ'' ਦੀ ਗੱਲ ਉਨ੍ਹਾਂ ਲੋਕਾਂ ਵਿਚ ਪ੍ਰਸਿੱਧ ਹੈ ਜੋ ਬਾਈਬਲ ਦੇ ਨਾਲ-ਨਾਲ ਵਰਤਮਾਨ ਵਿਗਿਆਨ ਕਿਆਫ਼ਿਆਂ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ। ਅਜਿਹਾ ਸਮਝੌਤਾ ਨਾਮੁਮਕਿਨ ਹੈ।

ਜੇ ਸ੍ਰਿਸ਼ਟੀ ਦੇ ਵਿਕਾਸ ਦੀ ਪ੍ਰਕਿਰਿਆ ਨਾਲ ਅਗਵਾਈ ਰਹਿਤ ਆਪਣੇ ਆਪ ਹੋਂਦ ਵਿਚ ਆਈ ਹੈ ਤਾਂ ਖ਼ੁਦਾ ਨੂੰ ਵਿਚ ਪਾਉਣਾ ਜ਼ਰੂਰੀ ਹੈ। ਜੇ ਮਨੁੱਖ ਵਿਕਸਿਤ ਹੀ ਨਹੀਂ ਹੋਇਆ ਅਰਥਾਤ ਪੂਰੀ ਤਰ੍ਹਾਂ ਨਾਸਵਾਨ ਅਤੇ ਜਾਨਵਰ ਹੀ ਹੈ ਤਾਂ ਪਾਪ ਅਤੇ ਪਛਤਾਵੇ ਦੀਆਂ ਸਿੱਖਿਆਵਾਂ ਦੀ ਕੋਈ ਲੋੜ ਨਹੀਂ ਹੈ। ਓਲੀਵਰ ਲੌਜ ਨੇ ਕਿਹਾ ਸੀ, ''ਵਿਗਿਆਨ ਤੋਂ ਸਾਨੂੰ ਪਤਾ ਲਗਦਾ ਹੈ ਕਿ ਮਨੁੱਖ ਤਾਂ ਪਾਪ ਵਿਚ ਡਿੱਗਾ ਹੀ ਨਹੀਂ ਕਿਉਂਕਿ ਉਸਨੇ ਵਿਕਾਸ ਕੀਤਾ ਹੈ।'' ਇਕ ਤਰੱਕੀਸ਼ੀਲ ਜਾਨਵਰ ਦੀ ਤਾਰੀਫ਼ ਕਰਨੀ ਚਾਹੀਦੀ ਹੈ ਕਿਉਂਕਿ ਜਾਨਵਰ ਪਾਪ ਨਹੀਂ ਕਰ ਸਕਦਾ। ਇਸ ਕਰਕੇ ਜੇ ਮਨੁੱਖ ਖ਼ੁਦਾ ਦੇ ਸਰੂਪ 'ਤੇ ਨਹੀਂ ਬਲਕਿ ਜਾਨਵਰ ਦੇ ਸਰੂਪ 'ਤੇ ਬਣਾਇਆ ਗਿਆ ਹੈ ਤਾਂ ਧਰਮ ਫ਼ਾਲਤੂ ਹੀ ਹੈ। ਵਿਕਾਸਵਾਦ ਦੀ ਸਿੱਖਿਆ ਕਿ ਸ਼ਕਤੀਸ਼ਾਲੀ ਹੀ ਬਚਿਆ ਰਹਿ ਸਕਦਾ ਹੈ ''ਵੱਡੀ ਮੱਛੀ ਛੋਟੀ ਮੱਛੀ ਨੂੰ ਖਾ ਜਾਂਦੀ ਹੈ'' ਵਾਲੀ ਨੀਤੀ 'ਤੇ ਅਧਾਰਿਤ ਹੈ, ਪਰ ਮਸੀਹੀਅਤ ਦਾ ਅਧਾਰ ਪ੍ਰੇਮ ਦੀ ਨੁਮਾਇੰਦਗੀ ਕਰਨਾ ਹੈ।

''ਈਸ਼ੁਰਵਾਦੀ ਵਿਕਾਸਵਾਦ'' ਇਕ ਵਿਰੋਧਾਭਾਸ ਹੈ। ਅਣਜਾਣੇ ਅਤੇ ਅਚਾਨਕ ਹੋਏ ਵਿਕਾਸਵਾਦਾਂ ਵਿਚ ਇਕ ਸਹਾਰੇ ਦੇ ਰੂਪ ਵਿਚ ਖ਼ੁਦਾ ਨੂੰ ਪਾਉਣਾ ਓਨਾ ਹੀ ਔਖਾ ਹੈ ਜਿੰਨਾ ਕਿਸੇ ''ਈਮਾਨਦਾਰ'' ਨੂੰ ਬੇਈਮਾਨ ਆਖਣਾ। ਈਸ਼ੁਰਵਾਦੀ ਵਿਕਾਸਵਾਦੀ ਦੇ ਅਨੁਸਾਰ ਇਕ ਆਦਰ

ਯੋਗ ਪਹਿਲ ਕਰਨ ਦੇ ਰੂਪ ਵਿਚ ਖ਼ੁਦਾ ਨੇ ਸ੍ਰਿਸ਼ਟੀ ਦਾ ਆਰੰਭ ਕੀਤਾ ਅਤੇ ਫਿਰ ਇਸ ਨੂੰ ਇਸ ਦੇ ਹਾਲ ਤੇ ਛੱਡ ਦਿੱਤਾ। ਇਸ ਪ੍ਰਕਿਰਿਆ ਨੂੰ ਦਿਮਾਗ਼ ਰਹਿਤ ਦੱਸਿਆ ਜਾਂਦਾ ਹੈ, ਬੇਸ਼ੱਕ ਖ਼ੁਦਾ ਨੂੰ ਇਸ ਪ੍ਰਣਾਲੀ ਦਾ ਜਨਮ ਦਾਤਾ ਮੰਨਿਆ ਜਾਂਦਾ ਹੈ ਪਰ ਈਸ਼ੁਰਵਾਦੀ ਵਿਕਾਸਵਾਦੀ ਲੋਕ ਦਿਮਾਗ਼ ਰਹਿਤ ਸੰਜੋਗ ਜਾਂ ਕੁਦਰਤ ਵਿਚ ਹਾਦਸੇ ਜਾਂ ਜੀਨਾਂ ਵਿਚ ਅਜੀਬ ਜੀਵਾਂ ਬਾਰੇ ਖੁੱਲ੍ਹ ਕੇ ਨਹੀਂ ਬੋਲਦੇ, ਉਹ ਆਦਮ ਅਤੇ ਹੱਵਾਹ ਵੱਲੋਂ ਜਾਨਵਰਾਂ ਨੂੰ ਪਾਲਣ ਦੀ ਕਲਪਨਾ ਨਹੀਂ ਕਰਦੇ ਪਰ ''ਅਚਾਨਕ ਆਉਣ ਵਾਲੇ ਵਿਕਾਸਵਾਦ,'' ''ਤਰੱਕੀਵਾਦੀ ਰਚਨਾਵਾਦਾਂ '' ਜਾਂ ''ਵਿਗਿਆਨਿਕ ਖੋਜ'' ਦੀ ਗੱਲ ਕਰਦੇ ਹਨ।

### ਈਸ਼ੁਰਵਾਦ ਦਾ ਆਤਮ-ਸਮਰਪਣ

ਖ਼ੁਦਾ ਨੂੰ ਬੇਮਕਸਦ ਫ਼ਰਕਾਂ ਅਤੇ ਸੰਜੋਗ[13] ਨਾਲ ਬਣਨ ਵਾਲੀਆਂ ਵਸਤਾਂ ਦਾ ਜਨਮ ਦਾਤਾ ਬਣਾਉਣ ਦੀ ਕੋਸ਼ਿਸ਼ ਕਰਨ ਵਾਲੇ ਲੋਕ ਸੱਚੇ ਈਸ਼ੁਰਵਾਦ ਦੇ ਉਦੇਸ਼ ਵਿਚ ਮਦਦ ਨਹੀਂ ਕਰ ਰਹੇ। ਬੇਨੇਮੇ ਰੂਪ ਵਿਚ ਬਣੇ ਅਚਾਨਕ ਜੀਵਨ ਦੇ ਆਰੰਭ ਵਿਚ ਖ਼ੁਦਾ ਨੂੰ ਨਾਂ ਦਾ ਹਾਕਮ ਬਣਾਉਣ ਦਾ ਬਹੁਤ ਹੀ ਜ਼ਿਆਦਾ ਆਦਰ ਦਾ ਸੰਕੇਤ ਨਹੀਂ ਹੈ। ਅਜਿਹਾ ਵਿਚਾਰ ਆਦਮੀ ਨੂੰ ਸੁਰਗ-ਦੂਤਾਂ ਤੋਂ ''ਥੋੜ੍ਹਾ ਘੱਟ ਬਣਾਏ ਹੋਏ ਦੇ ਤੌਰ ਤੇ ਨਹੀਂ ਬਲਕਿ ਕਸ਼ਟ ਅਤੇ ਗ਼ਲਤੀ ਨਾਲ ਛਟਪਟ ਦੇ ਰੂਪ ਵਿਚ ਵਿਖਾਉਂਦਾ ਹੈ। ਸੰਜੋਗ ਦੇ ਲੱਖਾਂ ਸਾਲਾਂ ਤਕ ਹੋਣ ਦੇ ਬਾਅਦ ਮਨੁੱਖ ਖ਼ੁਦਾ ਦੇ ਆਪਣੇ ਸਰੂਪ ਤੇ ਉਸਦੀ ਰਚਨਾ ਨਹੀਂ ਬਲਕਿ ਕਿਸਮਤ ਨਾਲ ਹੋਈ ਇਕ ਘਟਨਾ ਹੁੰਦਾ ਹੈ।

ਅਸਲੀ ਵਿਕਾਸਵਾਦ ਵਿਚ ਮਨੁੱਖ ਦੀ ਆਤਮਾ ਲਈ ਕੋਈ ਥਾਂ ਨਹੀਂ ਹੈ। ਵਿਕਾਸਵਾਦੀਆਂ ਅਨੁਸਾਰ, ਇਹ ਸ੍ਰਿਸ਼ਟੀ ਪੂਰੀ ਤਰ੍ਹਾਂ ਮਸ਼ੀਨੀ ਹੈ। ਅਜਿਹਾ ਭੌਤਿਕ ਵਿਗਿਆਨ ਅਤੇ ਮਨੋਵਿਗਿਆਨ ਦੋਹਾਂ ਵਿਚ ਬੜੀ ਹੀ ਮਜ਼ਬੂਤੀ ਨਾਲ ਮੰਨਿਆ ਜਾਂਦਾ ਹੈ। ਵਿਕਾਸਵਾਦੀਆਂ ਵੱਲੋਂ ਪੇਸ਼ ਕੀਤੇ ਗਏ ਮਨੁੱਖ ਦੀ ਤਸਵੀਰ 'ਤੇ ਵਿਚਾਰ ਕਰੋ ਕਿ ਆਦਮੀ ਉਹੀ ਬਣਦਾ ਹੈ ਜੋ ਉਹਨੇ ਬਣਨਾ ਸੀ। ਉਸਦਾ ਦਿਮਾਗ਼ ਬਣਾਉਣ ਵਾਲੇ ਰਸਾਇਣਾਂ ਨੇ ਉਸਦੇ ਹਰ ਵਿਚਾਰ ਨੂੰ ਤੈਅ ਕਰਨਾ ਸੀ। ਨਾ ਉਸਨੂੰ ਕੋਈ ਅਜ਼ਾਦੀ ਹੁੰਦੀ ਨਾ ਹੀ ਕੋਈ ਮਕਸਦ। ਸੰਜੋਗ ਨਾਲ ਜਾਨਵਰ ਜੀਨ ਬਦਲਣ 'ਤੇ ਹੀ ਉਹ ਮਨੁੱਖ ਬਣਦਾ।

ਕਿੰਨੇ ਸੁਭਾਗ ਦੀ ਗੱਲ ਸੀ ਕਿ ਉਹੀ ਬਦਲਾਅ ਜਿਸਨੂੰ ਆਦਮੀ ਦੀ ਹੋਂਦ ਵਿਚ ਲਿਆਉਣ ਵਾਲਾ ਮੰਨਿਆ ਜਾਂਦਾ ਹੈ, ਔਰਤ ਨੂੰ ਸੰਸਾਰ ਵਿਚ ਲਿਆਉਣ ਦਾ ਕਾਰਣ ਬਣਿਆ। ਈਸ਼ੁਰਵਾਦੀ ਵਿਕਾਸਵਾਦੀਆਂ ਅਨੁਸਾਰ ਆਦਮ ਅਤੇ ਹੱਵਾਹ ਜਾਨਵਰਾਂ ਤੋਂ ਪੈਦਾ ਹੋਏ ਅਨੋਖੇ ਜੀਵ ਸਨ। ਫੇਰ ਵਿਚਾਰ ਕਰਨ ਤੇ ਕਿ ਇਹ ਕਿਸਮਤ ਦੀ ਗੱਲ ਸੀ ਕਿ ਆਦਮ ਦੇ ਸਮੇਂ ਹੀ ਇਕ ਅਨੋਖਾ ਮਾਦਾ ਜੀਵ ਬਣ ਗਿਆ। ਮੌਤ ਤੋਂ ਬਾਅਦ (ਵਿਕਾਸਵਾਦੀ ਲੋਕ ਮੌਤ ਦੇ ਬਾਅਦ ਜ਼ਿੰਦਗੀ ਵਿਚ ਯਕੀਨ ਨਹੀਂ ਰੱਖਦੇ) ਮਨੁੱਖ ਦੀ ਹੋਂਦ ਤਾਂ ਬੇਹਤਰ ਨਹੀਂ ਹੋਵੇਗੀ? ਜ਼ਿੰਦਗੀ ਵਿਚ ਵਿਕਸਿਤ ਹੋਣ ਵਾਲੇ ਮਰੇ ਹੋਏ ਪਦਾਰਥ ਦੀ ਕੋਈ ਕਾਮਨਾ ਨਹੀਂ ਹੋ ਸਕਦੀ? ਭਲਾ ਅਖ਼ੀਰ 'ਚ ਖ਼ੁਦਾ ਅੱਗੇ ਆ ਕੇ ਜ਼ਿੰਦਗੀ ਵਿਚ ਅਤੇ ਵਿਕਾਸਵਾਦ ਵਿਚ ਕੋਈ ਮਕਸਦ ਦਿੰਦਾ ਸੀ ਅਤੇ ਕਿਸੇ ਜਾਨਵਰ ਦੀ ਸੰਤਾਨ ਨੂੰ ਭਾਵ ਇਕ ਅਨੋਖੇ ਤਿਆਗੇ ਹੋਏ ਜੀਵ ਨੂੰ ਸੁਰਗ ਵਿਚ ਲੈ ਜਾਣਾ ਸੀ? ਭਲਾ ਈਸ਼ੁਰਵਾਦੀ ਵਿਕਾਸਵਾਦੀ ਲੋਕ ਸੁਰਗ ਵਿਚ ਵਿਸ਼ਵਾਸ ਰੱਖਦੇ ਹਨ? ਜੇ ਹਾਂ ਤਾਂ ਇਹ ਕਿਸੇ ਵੀ ਤਰ੍ਹਾਂ ਦੇ ਵਿਕਾਸਵਾਦ ਦੀ ਸਿੱਖਿਆ ਦੇ ਕਾਰਣ ਨਹੀਂ ਬਲਕਿ ਉਸਦੇ ਉਲਟ ਹੈ।

ਲੁਡਵਿਗ ਫਿਉਰਬੈਕ (1804-72) ਕਿਸੇ ਵੀ ਤਰ੍ਹਾਂ ਮਸੀਹੀਅਤ ਦਾ ਸੱਜਣ ਨਹੀਂ ਸੀ, ਪਰ ਉਹ ਇਕ ਸੂਖਮ ਦਰਸ਼ੀ ਆਦਮੀ ਸੀ। ''ਜਿਸਨੂੰ ਅੱਜ ਨਾਸਤਿਕਵਾਦ ਕਿਹਾ ਜਾਂਦਾ ਹੈ ਉਹੀ ਕੱਲ ਨੂੰ ਧਰਮ ਬਣ ਜਾਵੇਗਾ।''[14] ਨਾਸਤਿਕਵਾਦ ਅਤੇ ਵਿਕਾਸਵਾਦੀ ਦੋਵੇਂ ਹੀ ਆਪਣੀਆਂ ਅਟਕਲਾਂ ਦੇ ਸ਼ੁਰੂ ਤੋਂ ਹਮਬਿਸਤਰ ਰਹੇ ਹਨ। ਅੱਜ ਸਾਡੇ ਸਮੇਂ ਵਿਚ, ਕੁਝ ਧਰਮ ਸ਼ਾਸਤਰੀ ਈਸ਼ੁਰਵਾਦੀ ਵਿਕਾਸਵਾਦੀ ਬਣ ਗਏ ਹਨ। ਇਸ ਤਰ੍ਹਾਂ ਉਨ੍ਹਾਂ ਨੇ ਨਾਸਤਿਕਤਾ ਦਾ ਪੱਖ ਲੈਣਾ ਛੱਡਿਆ ਨਹੀਂ ਹੈ। ਧਰਮ ਵਿਚ ਅੱਜ ਵੀ ਬਹੁਤੀ ਨਾਸਤਿਕ ਧਰਮ ਸਿੱਖਿਆ ਹੈ ਜਿਸਦੇ ਸ਼ਬਦਾਂ ਵਿਚ ਆਪਸੀ ਟਕਰਾਅ ਹੈ ਪਰ ਇਹ ਫਿਉਰਬੈਕ ਦੀ ਭਵਿੱਖਬਾਣੀ ਦਾ ਪੂਰਾ ਹੋਣਾ ਹੈ।

## ਇਕ ਜਾਂ ਫਿਰ ਦੂਜਾ

ਵਿਕਾਸਵਾਦੀਆਂ (ਨਾਸਤਿਕਵਾਦ ਜਾਂ ਈਸ਼ੁਰਵਾਦ) ਅਤੇ ਬਾਈਬਲ ਇਕ ਦੂਜੇ ਦੇ ਵਿਰੋਧੀ ਹਨ। ਵਿਕਾਸਵਾਦ ਅਤੇ ਬਾਈਬਲ ਵਿਚਕਾਰ ਸਹਿਮਤੀਆਂ ਦੀ ਸੂਚੀ ਬਣਾਉਣ ਦੀ ਕੋਸ਼ਿਸ਼ ਚਰਚਾ ਨੂੰ ਉਲਝਾਉਣ ਲਈ ਹੈ। ਅਜਿਹੀ ਇਕ ਕੋਸ਼ਿਸ਼ ਇਸ ਕਥਨ ਤੋਂ ਮਿਲਦੀ ਹੈ: ''ਉਤਪਤ ਦੀ ਕਿਤਾਬ ਅਤੇ ਜੀਵ ਵਿਗਿਆਨ ਦੋਹਾਂ ਦੀ ਸ਼ੁਰੂਆਤ ਜ਼ੀਰੋ ਅਤੇ ਖਾਲੀ ਤੋਂ ਹੁੰਦੀ ਹੈ, ਦੋਵੇਂ ਹੀ ਅਸਾਨ ਤੋਂ ਪੇਚੀਦਾ ਵਿਚ ਅੱਗੇ ਵਧਦੇ ਹਨ ਅਤੇ ਦੋਹਾਂ ਦਾ ਸਿਖਰ ਮਨੁੱਖ ਹੀ ਹੈ।'' ਪਰ ਇਸ ਕਥਨ ਦੀ ਬਣਾਵਟੀ ਇੱਛਾ ਹੀ ਹੈ। ਵਿਕਾਸਵਾਦੀਆਂ ਦਾ ਕਹਿਣਾ ਹੈ ਕਿ ਧਰਤੀ 'ਤੇ ਸਮੁੰਦਰ ਦੇ ਘਾਹ-ਪੱਤੇ ਅਤੇ ਫੁੱਲ-ਰਹਿਤ ਵਨਸਪਤੀ ਤੋਂ 30 ਕਰੋੜ ਸਾਲ ਬਾਅਦ ਦੇ ਵਿਕਾਸ ਕਾਲ ਵਿਚ ਧਰਤੀ ਹੋਂਦ ਵਿਚ ਆਈ ਜਦ ਕਿ ਬਾਈਬਲ ਜੀਵਨ ਨੂੰ ਘਾਹ ਦੇ ਨਾਲ ਹੀ ਆਰੰਭ ਹੋਇਆ ਦੱਸਦੀ ਹੈ (ਉਤਪਤ 1:11-13)।

ਅਸਲ ਵਿਚ ਵਿਕਾਸਵਾਦ ਦੀ ਸਿੱਖਿਆ ਨੂੰ ਬਾਈਬਲ ਨਾਲ ਮਿਲਾਉਣ ਲਈ ਬਾਈਬਲ ਨੂੰ ਬਦਲਣਾ ਜ਼ਰੂਰੀ ਹੈ। ਇਹ ਕੋਸ਼ਿਸ਼ ਹੋ ਚੁੱਕੀ ਹੈ। ਬਾਈਬਲ ਦੀ ਉਤਪਤ ਦੀ ਕਿਤਾਬ ਦਾ ਇਕ ਨਵੀਂ ਵਿਗਿਆਨਿਕ ਜਿਲਦ ਲਿਖੀ ਗਈ ਹੈ ਕਿਉਂਕਿ ''ਆਦਮ ਅਤੇ ਹੱਵਾਹ ਦਾ ਪੂਰਾ ਵਿਚਾਰ ਹੀ ਵਿਕਾਸਵਾਦ ਨਾਲ ਮੇਲ ਨਹੀਂ ਖਾਂਦਾ।'' ਡਰਹਾਮ ਯੂਨੀਵਰਸਿਟੀ ਦੇ ਵਿਗਿਆਨਿਕ ਅਤੇ ਚਰਚ ਆਫ਼ ਇੰਗਲੈਂਡ ਦੇ ਮੈਂਬਰ ਡਾ. ਬ੍ਰਾਇਨ ਪੈਂਪਲਿਨ ਨੇ ਆਪਣੇ ਅਨੁਵਾਦ ਵਿਚ ਲਿਖਿਆ ਹੈ: ''ਸੋ ਮਨੁੱਖ ਖ਼ੁਦਾ ਦੇ ਆਤਮਾ ਦੇ ਰਾਹੀਂ ਉੱਚ ਜੰਤੂਆਂ ਨਰ ਅਤੇ ਨਾਰੀ ਤੋਂ ਵਿਕਸਿਤ ਹੋਇਆ।'' ਡਾਕਟਰ ਪੈਂਪਲਿਨ ਨੇ ਇਕ ਹੋਰ ਬਦਲਾਅ ਕੀਤਾ ਜੋ ਇਵੇਂ ਹੈ: ''ਅਤੇ ਖ਼ੁਦਾ ਨੇ ਕਿਹਾ, ਪਦਾਰਥ ਅਤੇ ਊਰਜਾ ਮਿਲ ਕੇ ਪ੍ਰਮਾਣੂ ਬਣਾਉਣ ਅਤੇ ਪ੍ਰਮਾਣੂ ਮਿਲ ਕੇ ਅਤੇ ਇਕੱਠੇ ਹੋ ਕੇ ਠੋਸ ਅਤੇ ਤਰਲ ਬਣ ਜਾਣ ਅਤੇ ਤਾਰੇ ਅਤੇ ਗ੍ਰਹਿ ਲੱਖਾਂ ਵਿਚ ਵਿਕਸਿਤ ਹੋ ਜਾਣ ਅਤੇ ਇਵੇਂ ਹੀ ਗਿਆ।''[15]

## ਇਕ ਨੁਕਸਦਾਰ ਆਸ

ਡਾਰਵਿਨ ਨੇ ਦੋ ਇਕਵੰਸ਼ੀ ਸਮੂਹਾਂ ਵਿਚ ਕੁਝ ਜਾਨਵਰਾਂ ਦੇ ਜੀਨ ਲੱਭਣ, ਮਨੁੱਖ ਅਤੇ ਇਸਦੇ ਜਾਨਵਰ ਪੂਰਵਜਾਂ ਵਿਚਲੀ ''ਗੁਆਚੀ ਹੋਈ ਕੜੀ'' ਲੱਭਣ ਦੀ ਆਸ ਨਾਲ, ਗਲੋਬ ਅਰਥਾਤ ਧਰਤੀ, ਸਮੁੰਦਰ ਅਤੇ ਹਵਾ ਦੀ ਖੋਜ ਕੀਤੀ। ਦੱਖਣੀ ਅਰਜਨਟੀਨਾ ਦੇ ਇਕ ਇਲਾਕੇ ਪੈਟਾਗੋਨੀਆਂ ਵਿਚ ਡਾਰਵਿਨ ਨੂੰ ਭਾਰਤੀਆਂ ਦੇ ਇਕ ਕਬੀਲੇ ਦਾ ਪਤਾ ਲੱਗਾ ਜੋ ਇੰਨਾ ਆਦੀ-ਮਾਨਵ ਵਰਗਾ ਲਗਦਾ ਸੀ ਕਿ ਉਸ ਨੂੰ ਲੱਗਾ ਕਿ ਉਨ੍ਹਾਂ ਨੂੰ ਸਹੀ ਅਤੇ ਗਲਤ ਦੀ ਸਮਝ ਨਹੀਂ

ਹੈ। ਭਾਵੇਂ ਮਨੁੱਖ ਦੇ ਬਾਵਜੂਦ ਵੀ ਉਨ੍ਹਾਂ ਨੂੰ ਸਹੀ ਜਾਂ ਗ਼ਲਤ ਹੋਣ ਦੀ ਸਮਝ ਨਹੀਂ ਸੀ ਤਾਂ ਉਹ ਆਸ ਹੀ ਮਨੁੱਖ ਅਤੇ ਜਾਨਵਰ ਵਿਚ ਦੀ ਕੜੀ ਦੀ ਇਕ ਮਿਸਾਲ ਹੋਵੇਗੀ। ਨੇਵੀ ਦੇ ਇਕ ਰਿਟਾਇਰ ਅਧਿਕਾਰੀ, ਗਾਰਡਿਨਰ ਦੱਖਣ ਅਮਰੀਕੀ ਮਿਸ਼ਨਰੀ ਸੁਸਾਇਟੀ ਸੰਗਠਿਤ ਕਰਕੇ ਨਿੱਜੀ ਤੌਰ ਤੇ ਇੰਗਲੈਂਡ ਤੋਂ ਪੈਟਾਗੋਨੀਆ ਗਏ। ਉਨ੍ਹਾਂ ਭਾਰਤੀਆਂ ਨੂੰ ਨਵਾਂ ਜਨਮ ਪਾਉਣ, ਮਸੀਹੀ ਬਣਦਿਆਂ ਵੇਖਣ ਲਈ ਗਾਰਡਿਨਰ ਤਾਂ ਨਹੀਂ ਰਿਹਾ ਪਰ ਉਸਦੇ ਵਾਰਿਸ ਆਖ਼ਰਕਾਰ ਉਨ੍ਹਾਂ ਭਾਰਤੀਆਂ ਨੂੰ ਖ਼ੁਦਾ ਦੇ ਬਾਰੇ ਸਿਖਾ ਕੇ ਇਕ ਨੈਤਿਕ ਕ੍ਰਾਂਤੀ ਲਿਆਉਣ ਵਿਚ ਕਾਮਯਾਬ ਰਹੇ। ਡਾਰਵਿਨ ਨੇ ਇਹ ਹੈਰਾਨੀ ਪਰਗਟ ਕੀਤੀ ਅਤੇ ਉਨ੍ਹਾਂ ਦੀ ਤਾਰੀਫ਼ ਵੀ ਕੀਤੀ। ਉਸਨੇ ਉਸ ਸੁਸਾਇਟੀ ਨੂੰ ਦਾਨ ਭੇਜਿਆ ਅਤੇ ਉਸ ਸੁਸਾਇਟੀ ਦਾ ਸਨਮਾਨਤ ਮੈਂਬਰ ਬਣਾਏ ਜਾਣ ਦੀ ਬੇਨਤੀ ਵੀ ਕੀਤੀ।[16]

## ਵਿਕਾਸ ਨਾ ਕਰਨ ਵਾਲਾ ਸੰਸਾਰ

ਆਧੁਨਿਕ ਵਿਗਿਆਨ ਦੀ ਇਕ ਹੋਰ ਅਟਕਲਬਾਜ਼ੀ ਵਿਕਾਸਵਾਦੀਆਂ ਦਾ ਵਿਰੋਧ ਕਰਨਾ ਹੈ। ਵਿਕਾਸ ਕਰਨ ਵਾਲੇ, ਵਿਕਾਸਸ਼ੀਲ ਸੰਸਾਰ ਦਾ ਵਿਚਾਰ ਹੌਲੀ-ਹੌਲੀ ਆਪਣੇ ਘਟਦੇ ਜਾ ਰਹੇ ਸੰਸਾਰ ਦੇ ਆਧੁਨਿਕ ਵਿਚਾਰ ਨਾਲ ਮੇਲ ਨਹੀ ਖਾਂਦਾ। ਇਸਦੀ ਤੁਲਨਾ ਚਾਬੀ ਦਿੱਤੀ ਹੋਈ ਘੜੀ ਨਾਲ ਕੀਤੀ ਜਾਂਦੀ ਹੈ ਜੋ ਦੁਬਾਰਾ ਚਾਬੀ ਦਿੱਤੇ ਬਗੈਰ ਆਪੇ ਹੀ ਚੱਲਦੀ ਰਹਿੰਦੀ ਹੈ। ਤਾਰੇ ਹੌਲੀ-ਹੌਲੀ ਯਕੀਨੀ ਤੌਰ ਤੇ ਖ਼ਤਮ ਹੋ ਰਹੇ ਹਨ ਅਤੇ ਆਪਣੀ ਹੀ ਊਰਜਾ ਨੂੰ ਪੁਲਾੜ ਵਿਚ ਸੁੱਟ ਰਹੇ ਹਨ। ਇਹ ਸੰਸਾਰ ਘਟ ਰਿਹਾ ਹੈ। ਵਿਕਾਸਵਾਦ ਦੇ ਉਲਟ ਕੁਦਰਤ ਵਿਨਾਸ਼ ਨੂੰ ਵਿਖਾ ਰਹੀ ਹੈ। ਜੇ ਕੁਦਰਤ ਇਸੇ ਦਿਸ਼ਾ ਵਿਚ ਹੀ ਚੱਲੇ, ਉਹ ਦਿਸ਼ਾ ਕਮਜ਼ੋਰ ਪੈ ਜਾਵੇ ਤਾਂ ਇਹ ਸਮਝਣਾ ਔਖਾ ਹੋਵੇਗਾ ਕਿ ਕਿਸੇ ਤਰ੍ਹਾਂ ਦਾ ਵਿਕਾਸਵਾਦ (ਨਾਸਤਿਕਵਾਦੀ ਜਾਂ ਈਸ਼ੁਰਵਾਦੀ) ਕਿਵੇਂ ਰਹਿ ਸਕਦਾ ਹੈ।

---

ਟਿੱਪਣੀਆਂ

[1]ਇਸ ਵਿਚਲੀ ਬਹੁਤੀ ਸਮੱਗਰੀ ਹਿਯੂਗੋ ਮੇਕੋਰਡ, *ਦਿ ਕ੍ਰੈਡਿਬਿਲਟੀ ਆਫ਼ ਕ੍ਰਿਏਸ਼ਨ* (ਨੈਸ਼ਵਿੱਲੇ: ਟਵੰਟਿਅਥ ਸੈਂਚੁਰੀ ਕ੍ਰਿਸਚਿਐਨਿਟੀ, ਪੰਨਾ ਰਹਿਤ) ਤੋਂ ਲਈ ਗਈ ਹੈ। [2]*ਸੇ ਕਿਊ ਜੇ ਕ੍ਰੋਇਸ* (ਪੈਰਿਸ: ਐਡੀਸ਼ੰਜ਼ ਬ੍ਰਨਾਰਡ ਗ੍ਰੇਸੈੱਟ, ਪੰਨਾ ਰਹਿਤ) ਤੋਂ ਅਨੁਵਾਦਤ, ਜੀਨ ਰੋਸਟੈਂਡ, *ਏ. ਬਾਇਓਲੋਜਿਸਟ'ਸ ਵਿਊ* (ਮੈਲਬੋਰਨ: ਵਿਲੀਅਮ ਹੇਅਮੈਨ ਲਿ., 1956), 16 । [3]ਉਹੀ, 10. [4]ਉਹੀ, 7-18. [5]ਉਹੀ, 20. [6]ਵਿਲੀਅਮ ਐੱਚ. ਡੇਵਿਸ, *ਫ਼ਿਲਾਸਫ਼ੀ ਆਫ਼ ਰਿਲਿਜਨ* (ਅਬਿਲੇਨ, ਟੈਕਸਸ: ਬਿਬਲੀਕਲ ਰਿਸਰਚ ਪ੍ਰੈੱਸ, 1969), 23. [7]ਲੋਰੇਨ ਆਈਸਲੇ, *ਦਿ ਇਮੈਂਸ ਜਰਨੀ* (ਨਿਊ ਯਾਰਕ: ਰੈਂਡਮ ਹਾਊਸ, 1962), 27-29. [8]ਐਲਫ਼੍ਰੇਡ ਡਬਲਯੂ. ਮੈਕੇਨ, *ਗੌਡ-ਔਰ ਗੋਰਿੱਲਾ* (ਨਿਊ ਯਾਰਕ: ਡੇਵਿਨ-ਅਡੇਅਰ ਕੰ., 1922), 310-11. [9]ਜੇ. ਡੀ. ਥੌਮਸ, *ਫ਼ੈਕਟਸ ਐਂਡ ਫ਼ੇਥ* (ਅਬਿਲੇਨ, ਟੈਕਸਸ: ਬਿਬਲਿਕਲ ਰਿਸਰਚ ਪ੍ਰੈੱਸ, 1965), 126. [10]ਜੇ. ਵਿਲਿਸ ਸਟੋਵਲ ਅਤੇ ਹੌਵਰਡ ਈ. ਬ੍ਰਾਊਨ, *ਦਿ ਪ੍ਰਿੰਸੀਪਲਜ਼ ਆਫ਼ ਹਿਸਟੌਰੀਕਲ ਜਿਓਲੋਜੀ* (ਬੋਸਟਨ: ਗਿੰਨ ਐਂਡ ਕੰ., 1954), 48.

[11]ਹੁਡਸਨ ਹੋਗਲੈਂਡ, ''ਸਮ ਰਿਫ਼ਲੈਕਸ਼ੰਜ਼ ਆਨ ਸਾਇੰਸ ਐਂਡ ਰਿਲਿਜਨ,'' *ਸਾਇੰਸ ਪੌਂਡਰਸ ਰਿਲਿਜਨ* (ਨਿਊ ਯਾਰਕ: ਅਪਲਿਟਨ-ਸੈਂਚੁਰੀ-ਕ੍ਰੌਫ਼ਟਸ, 1960), 24. [12]ਫ਼ਿਲਿੱਪ ਈ. ਹਿਊਗਸ, ''ਕਰੰਟ ਰਿਲਿਜਿਅਸ ਥੌਟਸ,'' *ਕ੍ਰਿਸਚਿਐਨਿਟੀ ਟੁਡੇ* (25 ਸਿਤੰਬਰ, 1964):61. [13]ਬੈਨੇਡਿਕਟ ਡਿ ਸਪਿਨੋਜ਼ਾ, ਥੌਮਸ ਹੌਬਸ ਅਤੇ ਸਿਗਮੰਡ ਫ਼ਰੂਡ ਦੇ ਕੰਮਾਂ ਤੋਂ ਇਸ ਦੀ ਝਲਕ ਮਿਲਦੀ ਹੈ। [14]ਜੌਨ ਹਿਕ, ਸੰਪਾ., *ਕਲਾਸਿਕਲ ਐਂਡ ਕੰਟੈਂਪ੍ਰੇਰੀ ਰੀਡਿੰਗਜ਼ ਇਨ ਦ ਫ਼ਿਲਾਸਫ਼ੀ ਆਫ਼ ਰਿਲਿਜਨ* (ਐਂਗਲਵੁਡ ਕਲਿੱਫ਼ਸ, ਨਿਊ ਜਰਸੀ; ਪ੍ਰੈਂਟਿਸ-ਹਾਲ, 1965), 32. [15]ਐਸੋਸਿਏਟਡ ਪ੍ਰੈੱਸ, ਲੰਡਨ, 18 ਜੂਨ 1962. [16]ਰੌਬਰਟ ਐਚ. ਗਲੋਵਰ, *ਦਿ ਪ੍ਰੋਗ੍ਰੈੱਸ ਆਫ਼ ਵਰਲਡ-ਵਾਈਡ ਮਿਸ਼ੰਜ਼* (ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, 1925), 282-83.